ਪੰਜਾਬ ਸਰਕਾਰ
ਉਦਯੋਗ ਤੇ ਵਣਜ ਵਿਭਾਗ
(ਉਦਯੋਗ ਸ਼ਾਖਾ)

**ਅਧੀਸੂਚਨਾ**

ਨੰ: ਉਸ/ਕੋ(ਪੀ-ਐਫ-ਸੀ)/09/966 ਮਿਤੀ:- 21-7-09

ਪੰਜਾਬ ਦੇ ਰਾਜਪਾਲ ਗੋਇੰਦਵਾਲ ਉਦਯੋਗਿਕ ਕੰਪਲੈਕਸ ਦੀਆਂ ਸਨਅਤਾਂ ਨੂੰ ਬਚਾਉਣ ਅਤੇ ਮੁੜ ਵਸਾਉਣ ਲਈ ਪ੍ਰਸੰਨਤਾਪੂਰਵਕ ਹੇਠ ਲਿਖੀਆਂ ਸਹੂਲਤਾਂ ਦਿੰਦੇ ਹਨ:-

i) ਗੋਇੰਦਵਾਲ ਸਾਹਿਬ ਵਿਖੇ, ਇਸ ਨੂੰ ਭਵਿੱਖ ਵਿੱਚ ਨਜੀਰ ਬਣਾਏ ਬਿਨਾਂ, ਉਦਯੋਗਿਕ ਪਲਾਟਾਂ ਦੀ ਬਕਾਇਆ ਰਹਿੰਦੀ ਵਧੀ ਹੋਈ ਕੀਮਤ 10% ਸਾਧਾਰਣ ਵਿਆਜ ਸਮੇਤ ਵਸੂਲ ਕੀਤੀ ਜਾਵੇਗੀ ਜਦੋਂ ਕਿ ਮਿਸ਼ਰਤ ਅਤੇ ਪੀਨਲ ਵਿਆਜ ਦੀ ਰਾਸ਼ੀ ਦੀ ਵਸੂਲੀ ਮਾਫ ਕਰ ਦਿੱਤੀ ਜਾਵੇਗੀ ।

ii) ਗੋਇੰਦਵਾਲ ਸਾਹਿਬ ਵਿਖੇ, ਇਸ ਨੂੰ ਭਵਿੱਖ ਵਿੱਚ ਨਜੀਰ ਬਣਾਏ ਬਿਨਾਂ, ਪਲਾਟ ਦੀ ਪਹਿਲਾਂ ਅਦਾ ਕੀਤੀ ਜਾ ਚੁੱਕੀ ਮੂਲ ਕੀਮਤ ਅਤੇ ਵਿਆਜ ਦੀ ਰਾਸ਼ੀ ਮੂਲ ਕੀਮਤ ਵਿੱਚ ਐਡਜਸਟ ਕਰਕੇ ਬਾਕੀ ਰਹਿੰਦੀ ਕੀਮਤ 10% ਸਲਾਨਾ ਸਾਧਾਰਣ ਵਿਆਜ ਸਮੇਤ ਵਸੂਲ ਕੀਤੀ ਜਾਵੇਗੀ ਅਤੇ ਮਿਸ਼ਰਤ ਅਤੇ ਪੀਨਲ ਵਿਆਜ ਦੀ ਰਾਸ਼ੀ ਮਾਫ ਕੀਤੀ ਜਾਵੇਗੀ ।

ਚੰਡੀਗੜ੍ਹ
ਮਿਤੀ:-20.07.2009

ਐਸ.ਐਸ.ਚੰਨੀ
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਉਦਯੋਗ ਅਤੇ ਕਮਰਸ ਵਿਭਾਗ

ਪਿੱਠ ਅੰਕਣ ਨੰ: ਉਸ/ਕੋ(ਪੀ.ਐਫ.ਸੀ)/09/967 ਮਿਤੀ:- 21-7-09

ਉਪਰੋਕਤ ਦੀਆਂ ਦੋ ਕਾਪੀਆਂ ਕੰਟਰੋਲਰ ਪ੍ਰਿੰਟਿੰਗ ਅਤੇ ਸਟੇਸ਼ਨਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਰਾਜ ਸਰਕਾਰ ਦੀ ਐਕਟਸਟਰਾ ਆਰਡੀਨਰੀ ਗਜਟ ਵਿੱਚ ਇਸ ਨੋਟੀਫਿਕੇਸ਼ਨ ਨੂੰ ਪ੍ਰਕਾਸ਼ਿਤ ਕਰਨ ਹਿੱਤ ਅਤੇ ਇਸ ਦੀ ਕਾਪੀ ਵਿਭਾਗ ਦੇ ਰਿਕਾਰਡ ਹਿੱਤ ਭੇਜਣ ਸਬੰਧੀ ।

ਵਧੀਕ ਸਕੱਤਰ, ਪੰਜਾਬ ਸਰਕਾਰ
ਉਦਯੋਗ ਅਤੇ ਕਮਰਸ ਵਿਭਾਗ

ਪਿੱਠ ਅੰਕਣ ਨੰ: ਉਸ/ਕੋ(ਪੀ.ਐਫ.ਸੀ)/09/ 968 ਮਿਤੀ:- 21-7-09

ਇਸ ਦਾ ਇੱਕ ਉਤਾਰਾ ਪ੍ਰਬੰਧ ਨਿਰਦੇਸ਼ਕ, ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਨੂੰ ਉਨਾਂ ਦੇ ਪੱਤਰ ਨੰ: ਪੀ.ਐਸ.ਆਈ.ਈ.ਸੀ./ਐਸਟੇਟ/19184 ਮਿਤੀ 10.3.2009 ਦੇ ਹਵਾਲੇ ਵਿਚ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।

ਸਰਕਾਰ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਇਹ ਸਹੂਲਤਾਂ ਲੈਣ ਲਈ ਸਨਤਾਂ ਵਲੋਂ ਆਪਸਨ ਇਸ ਅਧੀਸੂਚਨਾ ਜਾਰੀ ਹੋਣ ਦੇ 90 ਦਿਨਾਂ ਅੰਦਰ ਦੇਣੀ ਹੋਵੇਗੀ । ਇਸ ਸਕੀਮ ਬਾਰੇ ਪੁਰਜ਼ੋਰ ਪਬਲੀਸਿਟੀ ਵੀ ਕੀਤੀ ਜਾਵੇ ।

ਵਧੀਕ ਸਕੱਤਰ, ਪੰਜਾਬ ਸਰਕਾਰ
ਉਦਯੋਗ ਅਤੇ ਕਮਰਸ ਵਿਭਾਗ,

ਪਿੱਠ ਅੰਕਣ ਨੰ: ਉਸ/ਕੋ(ਪੀ.ਐਫ.ਸੀ)/09/ 969 ਮਿਤੀ:- 21-7-09

ਉਪਰੋਕਤ ਦਾ ਇੱਕ ਉਤਾਰਾ ਅਕਾਊਂਟੈਂਟ ਜਨਰਲ ਪੰਜਾਬ ( ਆਡਿਟ ਸੈਕਸ਼ਨ) ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਸਕੱਤਰ, ਪੰਜਾਬ ਸਰਕਾਰ
ਉਦਯੋਗ ਅਤੇ ਕਮਰਸ ਵਿਭਾਗ,

ਪਿੱਠ ਅੰਕਣ ਨੰ: ਉਸ/ਕੋ(ਪੀ.ਐਫ.ਸੀ)/09/ 970 ਮਿਤੀ:- 21-7-09

ਉਪਰੋਕਤ ਦਾ ਇੱਕ ਉਤਾਰਾ ਡਾਇਰੈਕਟਰ ਉਦਯੋਗ ਅਤੇ ਕਮਰਸ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਵਧੀਕ ਸਕੱਤਰ, ਪੰਜਾਬ ਸਰਕਾਰ
ਉਦਯੋਗ ਅਤੇ ਕਮਰਸ ਵਿਭਾਗ,